ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030220
Available online at: www.armaan.org.in
DOI: https://doi.org/10.64119/armaan.vol.3.issue2.20

# ADHYATMAK VAAR: PARMPRA ATE VIKAS

# ਅਧਿਆਤਮਕ ਵਾਰ: ਪਰੰਪਰਾ ਅਤੇ ਵਿਕਾਸ

**ਗੁਰਸਾਹਿਬ ਸਿੰਘ** (Gurshaib Singh)
**ਖੋਜਾਰਥੀ** (Research Scholar)

**ਡਾ. ਅਮਨਦੀਪ ਕੌਰ** (Dr. Amandeep Kaur)
**ਖੋਜ ਨਿਗਰਾਨ** (Supervisor)

**ਪੰਜਾਬੀ ਵਿਭਾਗ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਪੰਜਾਬ)**

Email ID: goldy.sidhusirsa@gmail.com **ਮੋਬਾਈਲ**: +91- 94164-14001

**ਸਾਰ (Abstract)**

*ਅਧਿਆਤਮਕ ਬਿਰਤੀ ਵਾਲੇ ਗੁਰੂ ਨਾਨਕ ਦੇਵ ਜੀ ਨੇ ਵਾਰ ਨੂੰ ਅਰਬੀ ਰਸ ਦੇ ਘੇਰੇ ਚੋਂ ਕੱਢ ਕੇ ਭਗਤੀ ਭਾਵਨਾ ਨਾਲ ਵਾਰ ਸਾਹਿਤ ਦੀ ਰਚਨਾ ਕੀਤੀ ਅਤੇ ਇਸੇ ਪਰੰਪਰਾ ਦੀ ਪਾਲਣਾ ਕਰਦੇ ਹੋਏ ਤੀਜੇ, ਚੌਥੇ, ਅਤੇ ਪੰਜਵੇਂ ਪਾਤਸ਼ਾਹ ਨੇ ਵੀ ਵਾਰਾਂ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਵਾਰਾਂ ਦੀ ਬਣਤਰ ਵਿਚ ਤਬਦੀਲੀ ਕੀਤੀ ਅਤੇ ਪਉੜੀਆਂ ਨਾਲ ਸ਼ਲੋਕ ਲਗਾ ਦਿੱਤੇ। ਅਧਿਆਤਮਕ ਵਾਰਾ ਮਨੁੱਖੀ ਜੀਵਨ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ ਜਿੱਥੇ ਲੋਕ ਵਾਰਾਂ ਦਾ ਮਨੋਰਥ ਲੜਾਈ ਲਈ ਸੂਰਮੇ ਤਿਆਰ ਕਰਨਾ ਸੀ ਉੱਥੇ ਅਧਿਆਤਮਿਕ ਵਾਰਾਂ ਦਾ ਪ੍ਰਯੋਜਨ ਜੀਵਨ ਸੰਘਰਸ਼ ਲਈ ਯੋਧੇ ਤਿਆਰ ਕਰਨਾ ਹੈ। ਇਹਨਾਂ ਵਾਰਾਂ ਵਿੱਚ ਇਹ ਮੁੱਖ ਤੌਰ ਤੇ ਸਮਝਾਇਆ ਗਿਆ ਹੈ ਕਿ ਮਨੁੱਖ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਜਿੱਤਣ ਲਈ ਆਪਣੇ ਮਨ ਨੂੰ ਕਾਬੂ ਕਰਨਾ ਹੈ। ਇਸ ਤਰ੍ਹਾਂ ਕਰਕੇ ਹੀ ਮਨੁੱਖ ਆਪਣੇ ਮੂਲ ਸਰੂਪ ਨਾਲ ਜੁੜ ਸਕਦਾ ਹੈ ਅਤੇ ਆਪਣੇ ਸੰਸਾਰਿਕ ਜੀਵਨ ਨੂੰ ਵੀ ਸਫਲ ਬਣਾ ਸਕਦਾ ਹੈ। ਕਿਉਂਕਿ ਮਨੁੱਖੀ ਜੀਵਨ ਇੱਕ ਅਮੋਲਕ ਦਾਤ ਹੈ। ਇਸ ਲਈ ਦੇਵਤੇ ਵੀ ਇਸ ਦੇਹੀ ਨੂੰ ਤਰਸਦੇ ਹਨ। ਇਸ ਦੇਹ ਨੂੰ ਧਰਮਸ਼ਾਲਾ ਵੀ ਕਿਹਾ ਗਿਆ ਹੈ। ਇਸ ਲਈ ਮਨੁੱਖ ਸੰਸਾਰ ਵਿੱਚ ਰਹਿ ਕੇ ਹੀ ਚੰਗੇ ਕਰਮਾਂ ਦੁਆਰਾ ਮਾੜੇ ਕਰਮਾਂ ਦਾ ਬੰਧਨ ਕੱਟ ਸਕਦਾ ਹੈ ਅਤੇ ਸ਼ੁੱਧ ਵਿਵਹਾਰ ਤੇ ਆਚਰਨ ਦੁਆਰਾ ਜਗਤ ਨੂੰ ਸਵਰਗ ਬਣਾ ਸਕਦਾ ਹੈ। ਗੁਰੂ ਸਾਹਿਬਾਨ ਦੀਆਂ ਵਾਰਾਂ ਆਪਣੇ ਸਮੇਂ ਦੇ ਗਿਆਨ ਤੇ ਕਲਾ ਚੇਤਨਾ ਨਾਲ ਪਰਿਪੂਰਨ ਹਨ। ਇਹ ਵਾਰਾਂ ਪੰਜਾਬੀ ਲੋਕ ਜੀਵਨ ਦੀ ਸੁਯੋਗ ਅਗਵਾਈ ਕਰਦੀਆਂ ਹਨ।*

***ਕੀਵਰਡ (Keyword): ਵਾਰ, ਅਧਿਆਤਮਕਤਾ, ਗੁਰੂ ਸਾਹਿਬਾਨ, ਕਾਵਿ-ਰੂਪ, ਬੀਰ ਰਸ।***

ਸਮਾਜਿਕ ਅਤੇ ਸਭਿਆਚਾਰਕ ਪਰਿਸਥਿਤੀਆਂ ਸਾਹਿਤ ਰੂਪਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਲਈ ਕਿਹਾ ਜਾਂਦਾ ਹੈ ਕਿ ਹਰ ਇੱਕ ਸੱਭਿਆਚਾਰ ਆਪਣੇ ਵਿਸ਼ੇਸ਼ ਸਾਹਿਤ ਰੂਪਾਂ ਦੀ ਸਿਰਜਣਾ ਕਰਦਾ ਹੈ। ਪੰਜਾਬੀ ਦੇ ਸਾਹਿਤ ਰੂਪ ਪੰਜਾਬੀ ਸੱਭਿਆਚਾਰ ਵਿਰਸੇ ਦੀ ਪਰੰਪਰਾ ਵਿੱਚੋਂ ਹੋਂਦ ਵਿੱਚ ਆਏ ਹਨ। ਪੰਜਾਬੀ ਕਾਵਿ ਵਿੱਚ ਸਥਾਨਕ ਕਦਰਾਂ ਕੀਮਤਾਂ ਦੀ ਪੇਸ਼ਕਾਰੀ ਵਿਸ਼ੇਸ਼ ਰੂਪ ਵਿੱਚ ਕੀਤੀ ਗਈ ਹੈ। ਪੰਜਾਬੀ ਕਾਵਿ ਰੂਪਾਂ ਵਿੱਚ ਸਭਿਆਚਾਰਕ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਪੇਸ਼ ਕੀਤਾ ਗਿਆ ਹੈ। ਮੱਧਕਾਲੀ ਪੰਜਾਬੀ ਸਾਹਿਤ ਵਿੱਚ ਅਨੋਖੀ ਰਚਨਾ ਦੀ ਸਿਰਜਣਾ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਹੋਈ। ਜਿਸ ਵਿੱਚ ਸਮਾਜਿਕ ਅਤੇ ਧਾਰਮਿਕ ਕਾਰਜਾਂ ਨਾਲ ਸਬੰਧਿਤ ਕਾਵਿ ਰੂਪਾਂ ਨੂੰ ਸਿਰਜਿਆ ਗਿਆ ਹੈ।

ਗੁਰੂ ਸਾਹਿਬਾਨ ਨੇ ਵਧੇਰੇ ਕਾਵਿ ਰੂਪ ਪੰਜਾਬੀ ਸੱਭਿਆਚਾਰ ਵਿਚੋਂ ਲਏ ਹਨ। ਇਹਨਾਂ ਕਾਵਿ ਰੂਪਾਂ ਨੂੰ ਉਹਨਾਂ ਨੇ ਆਪਣੀ ਮੌਲਿਕਤਾ ਅਤੇ ਅਨੁਭਵ ਸਦਕਾ ਪ੍ਰਭਾਵਸ਼ਾਲੀ ਰੂਪ ਵਿੱਚ ਵਿਅਕਤ ਕੀਤਾ ਹੈ। ਇਹ ਕਾਵਿ ਰੂਪ ਅਮੂਰਤ ਰੂਪ ਵਿੱਚ ਖਿੱਚ ਪਾਉਂਦੇ ਹਨ ਅਤੇ ਵਿਆਖਿਆ ਅਭਿਵਿਅਕਤੀ ਲਈ ਇੱਕ ਯਤਨ ਵਜੋਂ ਵੀ ਪੇਸ਼ ਹੋਏ ਹਨ। ਗੁਰੂ ਸਾਹਿਬਾਨ ਨੇ ਕਾਵਿ ਨੂੰ ਕਾਵਿ ਦੀ ਖ਼ਾਤਰ ਨੂੰ ਕੋਈ ਮਹੱਤਤਾ ਨਹੀਂ ਦਿੱਤੀ। ਸਗੋਂ ਉਹਨਾਂ ਨੇ ਤਾਂ ਕਾਵਿ ਨੂੰ ਕਿਸੇ ਵਿਸ਼ੇਸ਼ ਉਦੇਸ਼ ਦੀ ਪੂਰਤੀ ਦੇ ਇੱਕ ਸਾਧਨ ਵਜੋਂ ਵਰਤਿਆ ਹੈ। ਗੁਰੂ ਕਵੀਆਂ ਨੇ ਆਪਣੀ ਅਧਿਆਤਮਕ ਵਿਚਾਰਧਾਰਾ ਸਮਾਜਿਕ ਸਾਰਥਕਤਾ ਅਤੇ ਪ੍ਰੇਮਾ ਭਗਤੀ ਦੇ ਪ੍ਰਚਾਰ ਲਈ ਇਹਨਾਂ ਕਾਵਿ ਰੂਪਾਂ ਨੂੰ ਜਨ ਸਧਾਰਨ ਦੀ ਭਲਾਈ ਹਿਤ ਪੇਸ਼ ਕੀਤਾ ਹੈ। ਇਹਨਾਂ ਕਾਵਿ ਰੂਪਾਂ ਦੀ ਸਾਰਥਕਤਾ ਦਾ ਇੱਕ ਪੱਖ ਇਹ


Received: 17 May 2025 Accepted: 05 June 2025 Published: 13 June 2025

ਵੀ ਹੈ ਕਿ ਇਹਨਾਂ ਤੋਂ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਗੁਰੂ ਸਾਹਿਬਾਨ ਦੁਆਰਾ ਵਰਤੇ ਗਏ ਕਾਵਿ ਰੂਪਾਂ ਵਿਚ ਪ੍ਰਮੁੱਖਤਾ ਵਧੇਰੇ ਕਰਕੇ ਲੋਕ ਕਾਵਿ ਰੂਪਾਂ ਨੂੰ ਹੀ ਮਿਲੀ ਹੈ। ਗੁਰੂ ਕਾਵਿ ਵਿਚ ਵਿਸ਼ੇਸ਼ ਕਰਕੇ ਸ਼ਬਦ, ਸਲੋਕ, ਪਹਿਰੇ, ਕਾਫੀ, ਰੁਤੀ, ਅਲਾਉਣੀਆਂ, ਸੋਹਲੇ, ਵਾਰਾਂ, ਬਾਵਣ ਅਖਰੀ, ਪੱਟੀ, ਬਾਰਾਂਮਾਂਹ, ਥਿਤੀ, ਆਦਿ ਕਾਵਿ ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਗੁਰਮਤਿ ਕਾਵਿ ਦੇ ਕਵੀਆਂ ਨੇ ਕਾਵਿ ਰੂਪਾਂ ਨੂੰ ਆਪਣੇ ਅਧਿਆਤਮਕ ਉਦੇਸ਼ਾਂ ਦੀ ਪੂਰਤੀ ਲਈ ਉਚਿਤ ਸਮਝਿਆ ਅਤੇ ਇਨ੍ਹਾਂ ਦਾ ਸਾਰਥਕ ਪ੍ਰਭਾਵ ਪਾਉਣ ਲਈ ਵਰਤਿਆ।

ਗੁਰੂ ਸਾਹਿਬ ਦਾ ਮੁੱਖ ਉਦੇਸ਼ ਗੁਰਬਾਣੀ ਸਿਧਾਂਤਾਂ ਦਾ ਪ੍ਰਚਾਰ ਕਰਨਾ ਸੀ। ਜਿਸ ਨੂੰ ਉਹਨਾਂ ਨੇ ਇਹਨਾਂ ਕਾਵਿ ਰੂਪਾਂ ਰਾਹੀਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਗੁਰੂ ਜੀ ਮਾਨਵਤਾ ਦੇ ਹਿਤੈਸ਼ੀ ਸਨ। ਇਸ ਲਈ ਉਹਨਾਂ ਨੇ ਲੁਕਾਈ ਦੀ ਭਲਾਈ ਲਈ ਲੋਕ ਕਾਵਿ ਰੂਪਾਂ ਨੂੰ ਇੱਕ ਸਾਧਨ ਵਜੋਂ ਵਰਤਿਆ। ਲੋਕ ਜੀਵਨ ਵਿੱਚ ਆਈ ਵਿਆਪਕ ਗਿਰਾਵਟ ਨੂੰ ਉਭਾਰ ਕੇ ਨਵੇਂ ਅਤੇ ਸੱਜਰੇ ਮੁੱਲ ਵਿਧਾਨ ਨੂੰ ਅਪਣਾਉਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਦੁਆਰਾ ਵਰਤੇ ਕਾਵਿ ਰੂਪਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਵਿੱਚ ਵਿਚਾਰ ਅਭਿਿਵਅਕਤੀ ਅਤੇ ਭਾਵ ਅਭਿਿਵਅਕਤੀ ਦੋਵਾਂ ਉੱਤੇ ਦ੍ਰਿਸ਼ਟੀਗੋਚਰ ਹੁੰਦੀ ਹੈ। ਜਨ-ਸਧਾਰਨ ਦੀਆਂ ਭਾਵਨਾਵਾਂ ਨੂੰ ਲੋਕ ਭਾਸ਼ਾ ਵਿੱਚ ਹੀ ਵਧੇਰੇ ਭਾਵਪੂਰਨ ਢੰਗ ਨਾਲ ਪ੍ਰਗਟਾਇਆ ਜਾ ਸਕਦਾ ਹੈ। ਪੰਜਾਬੀ ਕਾਵਿ ਸਿਰਜਣ ਦੀ ਇਹ ਪ੍ਰਮੁੱਖ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਲੋਕਾਂ ਦੀਆਂ ਡੂੰਘੀਆਂ ਭਾਵਨਾਵਾਂ ਨੂੰ ਵਿਅਕਤ ਕੀਤਾ ਜਾਂਦਾ ਹੈ। ਵਾਰ ਪੰਜਾਬੀ ਦਾ ਇਕ ਪ੍ਰਸਿੱਧ ਅਤੇ ਮੌਲਿਕ ਕਾਵਿ ਰੂਪ ਹੈ। ਇਸ ਵਿੱਚ ਮੁੱਖ ਤੌਰ ਤੇ ਬੀਰ ਰਸ ਪ੍ਰਧਾਨ ਹੁੰਦਾ ਹੈ।

*ਪ੍ਰੇਮ ਪ੍ਰਕਾਸ਼ ਅਨੁਸਾਰ ਵਾਰ ਸ਼ਬਦ ਦੇ ਅਰਥ ਹਨ: ਹਮਲਾ ਕਰਨਾ, ਵਾਰ-ਵਾਰ ਧਾਵਾ ਬੋਲਣਾ, ਬਦਲਾ ਲੈਣਾ, ਬੂਹਾ ਬੰਦ ਕਰਨਾ, ਕੁਰਬਾਨ ਜਾਂ ਨਿਸ਼ਾਵਰ ਹੋਣਾ, ਕੋਈ ਵਾਰਤਾ ਸੁਣਾਉਣਾ, ਰੋਕ ਪਾਉਣਾ ਅਤੇ ਦਿਨ-ਵਾਰ ਆਦਿ।*[1]

*ਪ੍ਰੋਫੈਸਰ ਪਿਆਰਾ ਸਿੰਘ ਪਦਮ ਵਾਰ ਸ਼ਬਦ ਦਾ ਮੂਲ ਵਾਰਤਾ ਪਦ ਤੋਂ ਮੰਨਦੇ ਹਨ। ਪਿਛਲੇ ਜਮਾਨੇ ਵਿੱਚ ਜੰਗਾਂ ਯੁੱਧਾਂ ਦੀ ਕਥਾ ਕਹਾਣੀ ਕਹਿਣਾ ਕਵੀਆਂ ਦਾ ਮਨ ਭਾਉਂਦਾ ਵਿਸ਼ਾ ਸੀ। ਕਿਉਂਕਿ ਹੋਰ ਆਖੀ ਜਾਣ ਵਾਲੀ ਵਾਰਤਾ ਸਾਹਮਣੇ ਨਹੀਂ ਸੀ ਇਸ ਲਈ ਢਾਡਿਆਂ ਤੇ ਭੱਟਾਂ ਨੇ ਬਹਾਦਰਾਂ ਦੇ ਬਿਰਤਾਂਤਾਂ ਨੂੰ ਹੀ ਆਪਣੇ ਕਾਵਿ ਦਾ ਵਿਸ਼ਾ ਬਣਾਇਆ ਤੇ ਇਸ ਦਾ ਨਾਂ ਹੀ ਬਾਤ, ਵਾਰਤਾ ਜਾਂ ਵਾਰ ਪੈ ਗਿਆ। ਵਾਰ ਸ਼ਬਦ ਇਸੇ ਵਾਰਤਾ ਪਦ ਤੋਂ ਹੀ ਸਥਾਪਿਤ ਹੋਇਆ ਸ਼ਬਦ ਹੈ। ਇਹ ਗੱਲ ਸਭ ਤੋਂ ਜਿਆਦਾ ਢੁਕਵੀ ਤੇ ਠੀਕ ਲੱਗਦੀ ਹੈ। ਅੱਜ ਭਾਵੇਂ ਵਾਰ ਸ਼ਬਦ ਕਈ ਅਰਥਾਂ ਵਿੱਚ ਵਰਤਿਆ ਜਾਂਦਾ ਹੋਵੇ। ਪ੍ਰੰਤੂ ਪਹਿਲੇ-ਪਹਿਲ ਇਸ ਦਾ ਸਾਹਿਤ ਪ੍ਰਸੰਗ ਵਾਰਤਾ ਤੋਂ ਹੀ ਤੁਰਿਆ ਹੈ।*[2]

ਇਹ ਉਹ ਕਾਵਿਮਈ ਵਾਰਤਾ ਹੈ ਜਿਸ ਵਿੱਚ ਕਿਸੇ ਯੁੱਧ ਜਾਂ ਸੰਘਰਸ਼ ਦੇ ਪ੍ਰਕਰਨ ਵਿੱਚ ਸੂਰਬੀਰ ਯੋਧੇ ਦੀ ਬਹਾਦਰੀ ਦਾ ਗੁਣਗਾਨ ਹੋਵੇ। ਜਿਸ ਵਿੱਚ ਪੜ੍ਹਨ ਜਾਂ ਸੁਣਨ ਦੌਰਾਨ ਸਰੋਤੇ ਤੇ ਪ੍ਰਭਾਵ ਪਾਉਣ ਤੇ ਜ਼ੋਰ ਪੈਦਾ ਕਰਨ ਦੀ ਤਾਕਤ ਹੋਵੇ। *"ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਡਾਕਟਰ ਗੰਡਾ ਸਿੰਘ ਅਨੁਸਾਰ ਇਹ ਗੱਲ ਇੱਕ ਅੱਧ ਵਾਰ ਹੀ ਨਹੀਂ ਸੀ। ਹਰ ਸਿਆਲ ਕੋਈ ਨਾ ਕੋਈ ਵਾਰ ਚੜ੍ਹੀ ਰਹਿੰਦੀ ਤੇ ਛੋਟੀ ਮੋਟੀ ਜੰਗ ਲਈ ਪੰਜਾਬੀਆਂ ਨੂੰ ਸਦਾ ਤਿਆਰ ਰਹਿਣਾ ਪੈਂਦਾ ਇਸ ਦਾ ਕੁਦਰਤੀ ਨਤੀਜਾ ਇਹ ਹੋਇਆ ਕਿ ਸਦੀਆਂ ਤੋਂ ਪੰਜਾਬ ਵਿੱਚ ਨਿਰੰਤਰ ਯੁੱਧ ਦੇ ਵਾਯੂ-ਮੰਡਲ ਵਿੱਚ ਪਲਦਾ ਤੇ ਰੁੜ੍ਹਦਾ ਰਿਹਾ ਅਤੇ ਸਹਿਜ ਸੁਭਾਅ ਹੀ ਜੰਗ ਸੂਰਮਿਆਂ ਦਾ ਦੇਸ਼ ਬਣ ਗਿਆ।"*[3] ਇਸ ਵਿੱਚ ਲੜਾਈ ਦੌਰਾਨ ਯੋਧਿਆਂ ਦੇ ਜੀਵਨ ਅਤੇ ਗਾਥਾਵਾਂ ਨੂੰ ਬਹੁਤ ਜੋਸ਼ੀਲੇ ਢੰਗ ਨਾਲ ਵਿਕਸਿਤ ਕੀਤਾ ਹੁੰਦਾ ਹੈ। *"ਰਾਜਸਥਾਨੀ ਭਾਸ਼ਾ ਵਿੱਚ ਵਾਰ ਦਾ ਅਰਥ ਹੈ ਸਹਾਇਤਾ ਲਈ ਪੁਕਾਰਨਾ ਰਾਜਸਥਾਨ ਵਿੱਚ ਬਾਰਹਠ ਨਾਂ ਦੀ ਇੱਕ ਭੱਟ ਜਾਤੀ ਵੀ ਹੈ। ਜੋ ਆਪਣੇ ਸੁਆਮੀ ਦੇ ਦਰਾਂ ਤੇ ਪ੍ਰਸ਼ੰਸਾ ਦੇ ਗੀਤ ਗਾਉਂਦੇ ਤੇ ਹੱਠ ਕਰਕੇ ਮੰਗਣ ਲਈ ਖੜੇ ਰਹਿੰਦੇ ਸਨ। ਉਪਰੋਕਤ ਪਰਿਭਾਸ਼ਾ ਤੋਂ ਇਹ ਸਿੱਟਾ ਕੱਢਦੇ ਹਾਂ ਕਿ ਵਾਰ ਕਾਵਿ ਪੰਜਾਬੀ ਦਾ ਇੱਕ ਅਜਿਹਾ ਕਾਵਿ ਰੂਪ ਹੈ ਜੋ ਕਿਸੇ ਹਮਲੇ, ਯੁੱਧ, ਜੰਗ ਜਾਂ ਵਿਸਤਰਿਤ ਬਿਆਨ ਕਰਦਾ ਹੋਇਆ ਪੜ੍ਹਨ ਸੁਣਨ ਵਾਲਿਆਂ ਨੂੰ ਚੜ੍ਹਦੀ ਕਲਾ ਵਿੱਚ ਲੈ ਜਾਂਦਾ ਹੈ।"*[4] ਆਮ ਤੌਰ ਤੇ ਧਾਰਮਿਕ ਮੇਲਿਆਂ ਜਾਂ ਗੁਰਪੁਰਬਾਂ ਤੇ ਢਾਡੀ ਲੋਕ ਪੇਸ਼ ਕਰਦੇ ਹਨ। ਡਾਕਟਰ ਰਤਨ ਸਿੰਘ ਜੱਗੀ ਅਨੁਸਾਰ, *"ਉਹ ਵਾਰਤਾ ਜੋ ਆਪਣੇ ਵਿੱਚ ਕਿਸੇ ਹੱਲੇ ਜਾਂ ਟੱਕਰ ਦਾ ਜ਼ਿਕਰ ਰੱਖਦੀ ਹੋਵੇ ਅਤੇ ਪਾਠਕਾਂ ਜਾਂ ਸਰੋਤਿਆਂ ਨੂੰ ਉਤਸ਼ਾਹਿਤ ਕਰੇ ਪੰਜਾਬੀ ਵਾਰ ਕਾਵਿ ਰੂਪ ਹੈ।"*[5]

ਡਾਕਟਰ ਰਤਨ ਸਿੰਘ ਜੱਗੀ ਦਾ ਇਹ ਕਥਨ ਬਾਹਰਮੁਖੀ ਵਾਰਾਂ ਤੇ ਢੁਕਦਾ ਹੈ ਕਿ *"ਤਲਖੀ ਵਾਲੇ ਵੀਰ ਰੱਸੀ ਅੱਖਰਾਂ ਦੀ ਵਰਤੋਂ ਵਾਰਾਂ ਵਿੱਚ ਜਿਆਦਾ ਕੀਤੀ ਜਾਂਦੀ ਹੈ ਤਾਂ ਜੋ ਵਾਤਾਵਰਨ ਸਿਰਜਿਆ ਜਾ ਸਕੇ ਮੁਹਾਵਰਿਆਂ ਅਖੌਤਾਂ ਅਤੇ ਨਵੇਂ-ਨਵੇਂ ਸ਼ਬਦਾਂ ਦੀ ਘਾੜਤ ਅਤੇ ਸਜਾਵਟ ਤੋਂ ਬਿਨਾਂ ਸ਼ਬਦਾਂ ਤੋਂ ਹੀ ਖੰਡੇ ਦੀਆਂ ਖੜਕਨਾ ਘੋੜਿਆਂ ਦੀਆਂ ਮਿੱਟੀ ਵਿੱਚ ਮਧੋਲ ਦੀਆਂ ਟਾਪਾਂ, ਲਾਸ਼ਾਂ ਤੇ ਢੇਰਾਂ ਤੋਂ ਲੰਘਦੀਆਂ ਆਵਾਜ਼ਾਂ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਬਾਤਾਂ ਵੱਲ ਨੂੰ ਉਗਾੜਨ ਲਈ ਵਾਰਕਾਰ ਕਈ ਅਲੰਕਾਰਾਂ ਦੀ ਜਿਵੇਂ ਉਪਮਾ, ਰੂਪਕ, ਅਨੁਪਰਾਸ ਅਤੇ ਅੱਤ ਕਥਨੀ ਦੀ ਖੁੱਲੇ ਦਿਲ ਨਾਲ ਵਰਤੋਂ*

*ਕਰਦਾ ਹੈ। ਵਾਰ ਨੂੰ ਸੰਗੀਤ ਦੀ ਪੁੱਠ ਵੀ ਚਾੜ੍ਹੀ ਜਾਂਦੀ ਹੈ ਤਾਂ ਕਿ ਵਾਰ ਗਾਇਨ ਕੀਤੀ ਜਾ ਸਕੇ।"* [6]

ਗੁਰੂ ਨਾਨਕ ਕਾਵਿ ਦੇ ਰਚਨਾ ਕਾਲ ਤੋਂ ਪਹਿਲਾਂ ਵੀ ਕੁਝ ਬੀਰ ਰੱਸੀ ਵਾਰਾਂ ਦੀ ਸਿਰਜਨਾ ਕੀਤੀ ਗਈ ਸੀ। ਜਿਵੇਂ ਰਾਏ ਕਮਾਲ ਦੀ ਮੌਜ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਸਿਕੰਦਰ ਬਿਰਾਹਮ ਦੀ ਵਾਰ, ਲਲਾ ਬਹਲੀਮਾਂ ਦੀ ਵਾਰ, ਹਸਨੇ ਮਹਿਮੇ ਦੀ ਵਾਰ ਅਤੇ ਮੂਸੇ ਦੀ ਵਾਰ ਆਦਿ। ਵਾਰ ਦੀ ਸ਼ੁਰੂਆਤ ਕਦੋਂ ਹੋਈ ਇਸ ਬਾਰੇ ਸਪਸ਼ਟਤਾ ਨਾਲ ਕਹਿਣਾ ਬਹੁਤ ਔਖਾ ਹੈ। ਪਰ ਬੀਰ ਰਸ ਦੀ ਅਭਿਵ ਵਿਅਕਤੀ ਪੁਰਾਤਨ ਕਾਲ ਦੇ ਵਿੱਚ ਹੀ ਹੁੰਦੀ ਰਹੀ ਹੈ। ਡਾਕਟਰ ਮੋਹਨ ਸਿੰਘ ਦੀਵਾਨਾ ਦੇ ਮੱਤ ਅਨੁਸਾਰ ਕਵੀ ਖੁਸਰੋ ਨੇ ਤੁਗਲਕ ਦੀ ਵਾਰ ਸਭ ਤੋਂ ਪਹਿਲਾਂ ਲਿਖੀ। ਇਹ ਵਾਰ ਪੰਜਾਬੀ ਸਾਹਿਤ ਭੰਡਾਰ ਵਿੱਚ ਉਪਲਬਧ ਨਹੀਂ ਹੈ। ਇਸ ਬਾਰ ਵਿੱਚ ਤੁਗਲਕ ਸ਼ਾਹ ਅਤੇ ਨਸਰੁਦੀਨ ਦੀ ਜੰਗ ਦਾ ਜ਼ਿਕਰ ਹੈ। ਇਸ ਸਬੰਧ ਵਿੱਚ *ਪ੍ਰੋਫੈਸਰ ਪ੍ਰੀਤਮ ਸਿੰਘ ਦਾ ਵਿਚਾਰ ਹੈ ਕਿ ਸਿੱਖ ਗੁਰੂਆਂ ਦੇ ਅਧਿਆਤਮਕ ਬਾਰਾ ਰਚਣ ਤੋਂ ਪਹਿਲਾਂ ਪੰਜਾਬ ਅਤੇ ਰਾਜਸਥਾਨ ਵਿੱਚ ਅਣਗਿਣਤ ਵੀਰ ਕਾਵਿ ਰਚਿਆ ਗਿਆ। ਜਿਹੜਾ ਵਧੇਰੇ ਕਰਕੇ ਵਾਰਾਂ ਵਿੱਚ ਸੀ। ਪੰਜਾਬ ਅਦਲਾ-ਬਦਲੀ ਮਾਰ ਧਾੜ ਤੇ ਪੱਛਮ ਵੱਲੋਂ ਹੋਣ ਵਾਲੇ ਹਮਲਿਆਂ ਦਾ ਕੇਂਦਰ ਰਿਹਾ ਹੋਣ ਕਰਕੇ ਆਪਣੇ ਵੀਰ ਸਾਹਿਤ ਨੂੰ ਸੰਭਾਲ ਨਹੀਂ ਸਕਿਆ। ਭੱਟ ਜਾਂ ਢਾਡੀ ਲੋਕ ਇਸ ਸਾਹਿਤ ਨੂੰ ਪੀੜੀ ਤੋਂ ਪੀੜੀ ਤੱਕ ਪਹੁੰਚਾਉਣ ਦਾ ਯਤਨ ਕਰਦੇ ਰਹੇ। ਇਸ ਕਰਕੇ ਇਸ ਦੇ ਕੁਝ-ਕੁਝ ਅੰਗ ਸਮੇਂ ਦੀ ਮਾਰ ਤੋਂ ਬਚੇ ਰਹੇ। ਗੁਰੂ ਸਾਹਿਬ ਦੇ ਸਮੇਂ ਤੋਂ ਪਹਿਲਾਂ ਦੀਆਂ ਵਾਰਾਂ ਵਿੱਚੋਂ ਨਾ ਮਾਤਰ ਹੀ ਸਾਡੇ ਕੋਲ ਪਹੁੰਚੀਆਂ ਹਨ। ਇਹਨਾਂ ਵਾਰਾਂ ਦਾ ਸੰਕੇਤ ਧੁਨੀਆਂ ਦੇ ਰੂਪ ਵਿੱਚ ਆਇਆ ਹੈ। ਇਹਨਾਂ ਦੀਆਂ ਕੁਝ ਕੁ ਪੌੜੀਆਂ ਹੀ ਉਪਲਬਧ ਹਨ।*[7] ਇਸ ਕਾਵਿ ਰੂਪ ਵਿੱਚ ਯੁੱਧ ਕਹਾਣੀ, ਜੰਗੀ ਵਾਤਾਵਰਣ ਅਤੇ ਬਹਾਦਰੀ ਦੇ ਕਾਰਨਾਮਿਆਂ ਦਾ ਵਰਣਨ ਕੀਤਾ ਜਾਂਦਾ ਹੈ। ਵਾਰ ਲਈ ਪ੍ਰਮਾਣਿਕ ਛੰਦ ਪਉੜੀ ਹੈ।

ਆਤਮਕ ਜੀਵਨ ਨੂੰ ਇੱਕ ਯੁੱਧ ਦਾ ਸੰਕਲਪ ਦੇ ਕੇ ਗੁਰੂ ਸਾਹਿਬਾਨ ਨੇ ਇਸ ਨੂੰ ਉਸ ਫੋਕੇ ਸ਼ਾਂਤਵਾਦੀ ਦੇ ਵਾਯੂਮੰਡਲ ਵਿੱਚੋਂ ਕੱਢਣ ਦਾ ਇੱਕ ਦੂਰਦਰਸ਼ੀ ਯਤਨ ਕੀਤਾ। ਜਿਹੜਾ ਸ਼ਾਂਤੀਵਾਦ ਭਾਰਤ ਦੇ ਧਾਰਮਿਕ ਜੀਵਨ ਨੂੰ ਮਨ ਮਾਰ ਚੁੱਕੇ ਲੋਕਾਂ ਦਾ ਆਸਰਾ ਬਣਾ ਰਿਹਾ ਸੀ ਤੇ ਜੀਵਨ ਵਿੱਚੋਂ ਬਾਂਝ ਖਾ ਕੇ ਧਰਮ ਦੀ ਆੜ ਲੈਣ ਨੂੰ ਵਧੀਆਪਣ ਦੀ ਮੋਹਰ ਲਾ ਰਿਹਾ ਸੀ। ਅਧਿਆਤਮਿਕ ਵਾਰਾਂ ਵਿਚ ਰੂਪ ਅਤੇ ਪ੍ਰਕਿਰਤੀ ਬਿਲਕੁਲ ਵੱਖਰੀ ਕਿਸਮ ਦੀ ਹੈ। ਅਧਿਆਤਮਕ ਵਾਰਾਂ ਵਿੱਚ ਸਭ ਤੋਂ ਵੱਧ ਵਾਰਾਂ ਰਚਣ ਦਾ ਸਿਹਰਾ ਭਾਈ ਗੁਰਦਾਸ ਦੇ ਸਿਰ ਸਜਿਆ। ਜਿਨ੍ਹਾਂ ਨੇ 39 ਵਾਰਾਂ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਵਿੱਚ 22 ਵਾਰਾਂ ਦਰਜ ਹਨ। ਜਿਨ੍ਹਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ, ਗੁਰੂ ਅਮਰਦਾਸ ਦੀਆਂ ਚਾਰ, ਗੁਰੂ ਰਾਮਦਾਸ ਦੀਆਂ ਅੱਠ, ਗੁਰੂ ਅਰਜਨ ਦੇਵ ਜੀ ਦੀਆਂ ਛੇ ਅਤੇ ਇੱਕ ਵਾਰ ਸੱਤਾ ਅਤੇ ਬਲਵੰਡ ਦੀ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਾਰਾਂ ਵਿੱਚ ਪਰਮਾਤਮਾ ਦਾ ਜੱਸ ਗਾਇਣ ਕਰਨ ਲਈ ਪਉੜੀ ਛੰਦ ਹੀ ਵਰਤਿਆ ਗਿਆ। *ਭਾਈ ਕਾਹਨ ਸਿੰਘ ਨਾਭਾ ਨੇ ਪਉੜੀ ਦੇ 30 ਭੇਦ ਮੰਨੇ ਹਨ। ਪਰ ਇਹਨਾਂ ਵਿੱਚੋਂ ਪ੍ਰਮੁਖਤਾ ਕੇਵਲ ਚਾਰ ਭੇਦਾਂ ਨੂੰ ਹੀ ਮਿਲੀ ਹੈ। ਨਿਸ਼ਾਨੀ, ਰਾਧਿਕਾ, ਹੰਸਰਾ ਅਤੇ ਮੁਖਤਾਮਣੀ ਇਹਨਾਂ ਦੀਆਂ ਚਾਰ ਮਾਤਰਾਵਾਂ ਆਮ ਕਰਕੇ ਭਿੰਨ ਹੁੰਦੀਆਂ ਹਨ। ਜਿਵੇਂ ਨਿਸ਼ਾਨੀ ਛੰਦ 23 ਮਾਤਰਾ, ਰਾਧਿਕਾ ਛੰਦ 22 ਮਾਤਰਾ, ਹੰਸਰਾ ਛੰਦ 20 ਮਾਤਰਾ, ਮੁਖਤਾਮਣੀ 25 ਮਾਤਰਾ ਇਹ ਛੰਦ ਵਾਰ ਵਿੱਚ ਗਤੀ ਚੁਸਤੀ ਅਤੇ ਪ੍ਰਭਾਵ ਪੈਦਾ ਕਰਦਾ ਹੈ। ਪਉੜੀ ਵਾਰ ਤੋਂ ਬਗੈਰ ਹੋ ਸਕਦੀ ਹੈ, ਪਰ ਵਾਰ ਪਉੜੀ ਤੋਂ ਬਗੈਰ ਨਹੀਂ ਹੋ ਸਕਦੀ।* [8] ਗੁਰੂ ਸਾਹਿਬਾਨ ਨੇ ਇਸ ਕਾਵਿ ਰੂਪ ਦੁਆਰਾ ਨਾਮ ਸਿਮਰਨ ਕਰਕੇ ਪ੍ਰਭੂ ਪ੍ਰਾਪਤੀ ਦੇ ਮਾਰਗ ਨੂੰ ਦ੍ਰਿੜ੍ਹ ਕਰਵਾਇਆ ਹੈ। ਗੁਰੂ ਸਾਹਿਬ ਸੰਸਾਰੀ ਪਦਾਰਥਾਂ ਦਾ ਮੋਹ ਤਿਆਗ ਕੇ ਹਰ ਪਲ ਪਰਮਾਤਮਾ ਦਾ ਸਿਮਰਨ ਕਰਨ ਵਾਲੇ ਜੀਵਾਂ ਨੂੰ ਪੂਰਨ ਗੁਰੂ ਅਥਵਾ ਪੂਰਨ ਮਨੁੱਖ ਹੋਣ ਦਾ ਉਪਦੇਸ਼ ਦਿੰਦੇ ਹਨ।

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ*
*ਪੂਰਨੁ ਸੋਈ ਸੰਤੁ॥*[9]

ਅਧਿਆਤਮਕ ਬਿਰਤੀ ਵਾਲੇ ਗੁਰੂ ਨਾਨਕ ਦੇਵ ਜੀ ਨੇ ਵਾਰ ਨੂੰ ਅਰਬੀ ਰਸ ਦੇ ਘੇਰੇ ਚੋਂ ਕੱਢ ਕੇ ਭਗਤੀ ਭਾਵਨਾ ਨਾਲ ਵਾਰ ਸਾਹਿਤ ਦੀ ਰਚਨਾ ਕੀਤੀ ਅਤੇ ਇਸੇ ਪਰੰਪਰਾ ਦੀ ਪਾਲਣਾ ਕਰਦੇ ਹੋਏ ਤੀਜੇ, ਚੌਥੇ ਅਤੇ ਪੰਜਵੇਂ ਪਾਤਸ਼ਾਹ ਨੇ ਵੀ ਵਾਰਾਂ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਵਾਰਾਂ ਦੀ ਬਣਤਰ ਵਿਚ ਤਬਦੀਲੀ ਕੀਤੀ ਅਤੇ ਪਉੜੀਆਂ ਨਾਲ ਸ਼ਲੋਕ ਲਗਾ ਦਿੱਤੇ। ਅਧਿਆਤਮਕ ਵਾਰਾ ਮਨੁੱਖੀ ਜੀਵਨ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ ਜਿੱਥੇ ਲੋਕ ਵਾਰਾਂ ਦਾ ਮਨੋਰਥ ਲੜਾਈ ਲਈ ਸੂਰਮੇ ਤਿਆਰ ਕਰਨਾ ਸੀ ਉੱਥੇ ਅਧਿਆਤਮਿਕ ਵਾਰਾਂ ਦਾ ਪ੍ਰਯੋਜਨ ਜੀਵਨ ਸੰਘਰਸ਼ ਲਈ ਯੋਧੇ ਤਿਆਰ ਕਰਨਾ ਹੈ। ਇਹਨਾਂ ਵਾਰਾਂ ਵਿੱਚ ਇਹ ਮੁੱਖ ਤੌਰ ਤੇ ਸਮਝਾਇਆ ਗਿਆ ਹੈ ਕਿ ਮਨੁੱਖ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਜਿੱਤਣ ਲਈ ਆਪਣੇ ਮਨ ਨੂੰ ਕਾਬੂ ਕਰਨਾ ਹੈ। ਇਸ ਤਰ੍ਹਾਂ

ਕਰਕੇ ਹੀ ਮਨੁੱਖ ਆਪਣੇ ਮੂਲ ਸਰੂਪ ਨਾਲ ਜੁੜ ਸਕਦਾ ਹੈ ਅਤੇ ਆਪਣੇ ਸੰਸਾਰਿਕ ਜੀਵਨ ਨੂੰ ਵੀ ਸਫਲ ਬਣਾ ਸਕਦਾ ਹੈ। ਕਿਉਂਕਿ ਮਨੁੱਖੀ ਜੀਵਨ ਇੱਕ ਅਮੁਲਕ ਦਾਤ ਹੈ। ਇਸ ਲਈ ਦੇਵਤੇ ਵੀ ਇਸ ਦੇਹੀ ਨੂੰ ਤਰਸਦੇ ਹਨ। ਇਸ ਦੇਹ ਨੂੰ ਧਰਮਸ਼ਾਲਾ ਵੀ ਕਿਹਾ ਗਿਆ ਹੈ। ਇਸ ਲਈ ਮਨੁੱਖ ਸੰਸਾਰ ਵਿੱਚ ਰਹਿ ਕੇ ਹੀ ਚੰਗੇ ਕਰਮਾਂ ਦੁਆਰਾ ਮਾੜੇ ਕਰਮਾਂ ਦਾ ਬੰਧਨ ਕੱਟ ਸਕਦਾ ਹੈ ਅਤੇ ਸ਼ੁੱਧ ਵਿਵਹਾਰ ਤੇ ਆਚਰਨ ਦੁਆਰਾ ਜਗਤ ਨੂੰ ਸਵਰਗ ਬਣਾ ਸਕਦਾ ਹੈ। ਗੁਰੂ ਸਾਹਿਬਾਨ ਦੀਆਂ ਵਾਰਾਂ ਆਪਣੇ ਸਮੇਂ ਦੇ ਗਿਆਨ ਤੇ ਕਲਾ ਚੇਤਨਾ ਨਾਲ ਪਰਿਪੂਰਨ ਹਨ। ਇਹ ਵਾਰਾਂ ਪੰਜਾਬੀ ਲੋਕ ਜੀਵਨ ਦੀ ਸੁਯੋਗ ਅਗਵਾਈ ਕਰਦੀਆਂ ਹਨ।

## *ਹਵਾਲੇ ਅਤੇ ਟਿੱਪਣੀਆਂ*


1. *ਪ੍ਰੇਮ ਪ੍ਰਕਾਸ਼ (ਸੰਪਾ.), ਵੀਰ ਝਾਕੀਆਂ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਨਾ: 76*
2. *ਪਿਆਰਾ ਸਿੰਘ ਪਦਮ (ਪ੍ਰੋ.), ਪੰਜਾਬੀ ਵਾਰਾਂ, ਕਲਮ ਮੰਦਰ ਪਟਿਆਲਾ, ਪੰਨਾ: 10*
3. *ਗੰਡਾ ਸਿੰਘ(ਡਾ), ਪੰਜਾਬ ਦੀਆਂ ਵਾਰਾਂ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, ਪੰਨਾ: 2*
4. *ਪਿਆਰਾ ਸਿੰਘ ਪਦਮ (ਪ੍ਰੋ.), ਪੰਜਾਬੀ ਦੁਨੀਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਵੰਬਰ 1951, ਪੰਨਾ: 25*
5. *ਰਤਨ ਸਿੰਘ ਜੱਗੀ (ਡਾ.), ਵਿਚਾਰਧਾਰਾ, ਪੈਪਸੂ ਬੁੱਕ ਡਿਪੂ ਪਟਿਆਲ਼ਾ, ਪੰਨਾ: 181*
6. *ਉਹੀ, ਪੰਨਾ: 178*
7. *ਪ੍ਰੀਤਮ ਸਿੰਘ (ਪ੍ਰੋ.), ਪੰਜਾਬੀ ਸਾਹਿਤ ਦਾ ਇਤਿਹਾਸ ਭਾਗ-1, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, ਪੰਨਾ: 507*
8. *ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਨੈਸ਼ਨਲ ਬੁੱਕ ਸ਼ਾਪ ਦਿੱਲੀ, ਪੰਨਾ: 726*
9. *ਗੁਰੂ ਗ੍ਰੰਥ ਸਾਹਿਬ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਪੰਨਾ: 319*



***Cite this Article-***

*ਗੁਰਸਾਹਿਬ ਸਿੰਘ (Gurshaib Singh), ਖੋਜਾਰਥੀ (Research Scholar)& ਡਾ. ਅਮਨਦੀਪ ਕੌਰ (Dr. Amandeep Kaur), ਖੋਜ ਨਿਗਰਾਨ (Supervisor), ਅਧਿਆਤਮਕ ਵਾਰ: ਪਰੰਪਰਾ ਅਤੇ ਵਿਕਾਸ (ADHYATMAK VAAR: PARMPRA ATE VIKAS), ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 117-120.*

***Journal URL:*** [www.armaan.org.in](www.armaan.org.in)

***DOI: https://doi.org/10.64119/armaan.vol.3.issue2.20***



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).*